# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ

ਈ.ਬਲਾਕ, ਛੇਵੀਂ ਮੰਜ਼ਿਲ, ਵਿੱਦਿਆ ਭਵਨ, ਪੀ.ਐਸ.ਈ.ਬੀ.ਕੰਪਲੈਕਸ,
ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ, ਫੋਨ ਨੰ.-2212221

ਵੱਲ,

1.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3.0 ਸਮੂਹ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/216/2019/ਪੀ.ਈ.ਐਸ/PM Address/259792
ਮਿਤੀ: ..28... ਅਗਸਤ, 2019.

**ਵਿਸ਼ਾ:ਮਾਨਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਮਿਤੀ 29.08.2019 ਨੂੰ 'Fit India Movement' ਦੇ launch programme ਨੂੰ ਸਕੂਲਾਂ ਵਿੱਚ ਪ੍ਰਸਾਰਣ ਕਰਨ ਸਬੰਧੀ।**

**ਹਵਾਲਾ:** ਐਮ.ਐਚ.ਆਰ.ਡੀ, ਭਾਰਤ ਸਰਕਾਰ ਦਾ ਡੀ.ਓ ਨੰ. 12-1/2019/IS-4, ਮਿਤੀ 23.08.2019.

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ (ਨਾਲ ਨੱਥੀ) ਅਨੁਸਾਰ ਮਾਨਯੋਗ ਪ੍ਰਧਾਨ ਮੰਤਰੀ ਜੀ ਵੱਲੋਂ 'Fit India Movement' ਪ੍ਰੋਗਰਾਮ launch ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਡੀ.ਡੀ. ਨੈਸ਼ਨਲ, ਡੀ.ਡੀ. ਨਿਊਜ਼ ਅਤੇ ਡੀ.ਡੀ. ਇੰਡੀਆ ਤੇ ਮਿਤੀ 29.08.2019 ਨੂੰ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਹੋਵੇਗਾ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ 'Fitness Pledge' ਵੀ ਲਈ ਜਾਵੇਗੀ।

2.0 ਇਸ ਪ੍ਰੋਗਰਾਮ ਦਾ ਪ੍ਰਸਾਰਣ ਦੂਰਦਰਸ਼ਨ ਦੁਆਰਾ ਡੀ.ਡੀ. ਨੈਸ਼ਨਲ, ਡੀ.ਡੀ. ਨਿਊਜ਼ ਅਤੇ ਡੀ.ਡੀ. ਇੰਡੀਆ ਚੈਨਲਜ਼ ਤੋਂ ਇਲਾਵਾ ਰਾਜ ਦੇ ਐਜੂਸੈਟ ਨੈਟਵਰਕ ਦੀ ਸੁਵਿਧਾ ਵਾਲੇ ਸਕੂਲਾਂ ਵਿੱਚ ਆਰ.ਓ.ਟੀ ਰਾਹੀਂ ਵੀ ਕੀਤਾ ਜਾਵੇਗਾ। ਕੰਪਿਊਟਰ ਫੈਕਲਟੀ/ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੇ ਅਧਿਆਪਕ ਦੀ ਸਹਾਇਤਾ ਨਾਲ ਇੰਟਰਨੈਟ ਦੇ ਮਾਧਿਅਮ ਰਾਹੀਂ ਸਕੂਲ ਦੀ ਕੰਪਿਊਟਰ ਲੈਬ/ਈ-ਲੈਬ ਰਾਹੀਂ ਸਪੀਕਰ ਦਾ ਪ੍ਰਬੰਧ ਕਰਕੇ ਵੀ ਇਹ ਪ੍ਰੋਗਰਾਮ ਦਿਖਾਇਆ ਜਾਵੇ।

3.0 ਜਿਹੜੇ ਪ੍ਰਾਇਮਰੀ ਸਕੂਲ ਐਜੂਸੈਟ ਸੁਵਿਧਾ ਵਾਲੇ ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲ ਦੇ ਕੈਂਪਸ ਵਿੱਚ ਹੀ ਹਨ, ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀ ਆਰ.ਓ.ਟੀ ਤੇ ਵੀ ਇਹ ਪ੍ਰੋਗਰਾਮ ਅਟੈਂਡ ਕਰ ਸਕਦੇ ਹਨ।

4.0 ਜੇਕਰ ਸਕੂਲਾਂ ਵਿੱਚ ਕੋਈ ਹੋਰ ਮਾਧਿਅਮ ਉਪਲੱਭਧ ਨਹੀਂ ਹੈ ਜਾਂ ਵਿਦਿਆਰਥੀਆਂ ਦੀ ਗਿਣਤੀ ਬਹੁਤ ਜਿਆਦਾ ਹੈ ਤਾਂ ਇਹ ਪ੍ਰੋਗਰਾਮ ਐਮ.ਐਚ.ਆਰ.ਡੀ ਦੀਆਂ ਹਦਾਇਤਾਂ ਅਨੁਸਾਰ ਟੈਲੀਵਿਜ਼ਨ/ਸੈਟ ਟਾਪ ਬਾਕਸ, Internet Access Devices (Computer, Laptop, Mobiles etc.) ਰਾਹੀਂ ਇਹ ਪ੍ਰੋਗਰਾਮ ਦਿਖਾਇਆ ਜਾਵੇ। ਇਸ ਪ੍ਰੋਗਰਾਮ ਦੌਰਾਨ ਬਿਜਲੀ ਦੀ ਸਪਲਾਈ ਵਿੱਚ ਵਿਘਨ ਪੈ ਜਾਣ ਦੀ ਸੂਰਤ ਵਿੱਚ ਜਨਰੇਟਰ ਜਾਂ ਇਨਵਰਟਰ ਦਾ ਪ੍ਰਬੰਧ ਕੀਤਾ ਜਾਵੇ। ਸਰਕਾਰੀ ਸਕੂਲਾਂ ਵਿੱਚ ਇਹ ਖਰਚਾ ਸਮਗਰਾ ਸਿੱਖਿਆ ਦੇ ਫੰਡਾਂ ਵਿੱਚੋਂ ਕੀਤਾ ਜਾ ਸਕਦਾ ਹੈ।

5.0 ਸਮੂਹ ਜਿਲ੍ਹਾ ਸਿੱਖਿਆ ਅਫਸਰ ਆਪਣੇ-ਆਪਣੇ ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ/ਇੰਚਾਰਜਾਂ ਨਾਲ ਤਾਲਮੇਲ ਕਰਕੇ ਇਸ ਪ੍ਰੋਗਰਾਮ ਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਵਿਖਾਉਣ ਸਬੰਧੀ ਪੂਰਨ ਵਿਓਂਤਬੰਦੀ ਕਰਨਗੇ ਅਤੇ ਇਸ ਦੀ ਰਿਪੋਰਟ ਐਮ.ਆਈ.ਐਸ ਵਿੰਗ ਨੂੰ fitindia@punjabeduction.gov.in ਰਾਹੀਂ ਭੇਜਣਗੇ, ਜਿਸ ਵਿੱਚ ਭਾਗ ਲੈਣ ਵਾਲੇ ਸਾਰੇ ਸਕੂਲਾਂ ਦੀ ਗਿਣਤੀ, ਵਿਦਿਆਰਥੀਆਂ ਦੀ ਗਿਣਤੀ ਅਤੇ ਵਰਤੇ ਗਏ ਮੋਡ ਸਮੇਤ ਫੋਟੋਗ੍ਰਾਫਸ/ਵੀਡੀਓਜ਼ ਸਬੰਧੀ ਵੇਰਵੇ ਦਰਜ ਕੀਤੇ ਹੋਣ।

ਡਾਇਰੈਕਟਰ, ਐਸ.ਸੀ.ਈ.ਆਰ.ਟੀ,
ਪੰਜਾਬ।

**ਪਿੱਠਅੰਕਣ ਨੰ.: 24/216/2019/ਪੀ.ਈ.ਐਸ/ PM Address/**259793 **ਮਿਤੀ:** 28.08.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ: -

1. Sh. Rajesh Kumar Maurya, Under Secretary, D/o School Education and Literacy.
2. ਪੀ.ਏ/ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ/ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡੀ.ਪੀ.ਆਈ.(ਸੈ.ਸਿ)/(ਐ.ਸਿ) ਪੰਜਾਬ।
5. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ।
6. ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
7. ਡੀ.ਐਮ.(ਐਮ.ਆਈ.ਐਸ) ਨੂੰ ਸੂਚਨਾ ਅਤੇ ਯੋਗ ਕਾਰਵਾਈ ਅਤੇ ਪੱਤਰ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲੱਬਧ ਕਰਾਉਣ ਹਿੱਤ।

ਡਾਇਰੈਕਟਰ, ਐਸ.ਸੀ.ਈ.ਆਰ.ਟੀ,
ਪੰਜਾਬ।

**ਪਿੱਠਅੰਕਣ ਨੰ.: 24/216/2019/ਪੀ.ਈ.ਐਸ/PM Address/**259794 **ਮਿਤੀ:** 28.08.2019

ਉਪਰੋਕਤ ਦਾ ਉਤਾਰਾ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਜੀ ਨੂੰ ਉਕਤ ਪ੍ਰੋਗਰਾਮ ਦੌਰਾਨ ਬਿਜਲੀ ਦੀ ਨਿਰਵਿਘਣ ਸਪਲਾਈ ਜਾਰੀ ਰੱਖਣ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਡਾਇਰੈਕਟਰ, ਐਸ.ਸੀ.ਈ.ਆਰ.ਟੀ,
ਪੰਜਾਬ।